KANYA ... VIDYALAYA JALANDHAR
Rt. No. 7847
Date 5-12-2020

ਡਾਇਰੈਕਟੋਰੇਟ
ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,
ਐਸ.ਸੀ.ਓ.7, ਫੇਜ਼-1, ਐਸ.ਏ.ਐਸ.ਨਗਰ।

**ਡਾ. ਬੀ.ਆਰ. ਅੰਬੇਦਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ. ਸਕੀਮਾਂ ਅਧੀਨ ਡਾ: ਅੰਬੇਦਕਰ ਪੋਰਟਲ ਤੇ ਆਨਲਾਈਨ ਅਪਲਾਈ ਕਰਨ ਸਬੰਧੀ**

**ਅਪਲਾਈ ਕਰਨ ਲਈ ਪਾਤਰਤਾ:**

- ਡਾ. ਬੀ.ਆਰ. ਅੰਬੇਦਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਪੰਜਾਬ ਰਾਜ ਦੇ ਬੋਨਾਫਾਈਡ ਅਨੁਸੂਚਿਤ ਜਾਤੀ ਦੇ ਵਿਦਿਆਰਥੀ, ਜਿਨ੍ਹਾਂ ਦੇ ਮਾਤਾ ਪਿਤਾ/ਸਰਪ੍ਰਸਤਾਂ ਦੀ ਸਲਾਨਾ ਆਮਦਨ 4.00 ਲੱਖ ਰੁਪਏ ਤੋਂ ਘੱਟ ਹੋਵੇ, ਦਸਵੀਂ ਤੋਂ ਬਾਅਦ ਵੱਖ ਵੱਖ ਕੋਰਸਾਂ ਲਈ ਪੰਜਾਬ ਅਤੇ ਚੰਡੀਗੜ੍ਹ ਵਿੱਚ ਉਚੇਰੀ ਵਿਦਿਆ ਲੈਣ ਲਈ ਵਜੀਫੇ ਦੇ ਯੋਗ ਹਨ।
- ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ ਪੰਜਾਬ ਰਾਜ ਦੇ ਬੋਨਾਫਾਈਡ ਅਧੀਨ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ, ਜਿਨ੍ਹਾਂ ਦੇ ਮਾਤਾ ਪਿਤਾ/ਸਰਪ੍ਰਸਤਾਂ ਦੀ ਸਲਾਨਾ ਆਮਦਨ 1.50 ਲੱਖ ਰੁਪਏ ਤੋਂ ਘੱਟ ਹੋਵੇ, ਦਸਵੀਂ ਤੋਂ ਬਾਅਦ ਵੱਖ ਵੱਖ ਕੋਰਸਾਂ ਲਈ ਭਾਰਤ ਵਿੱਚ ਉਚੇਰੀ ਵਿਦਿਆ ਲੈਣ ਲਈ ਵਜੀਫੇ ਦੇ ਯੋਗ ਹਨ।

**ਪੋਰਟਲ:**

- ਯੋਗ ਵਿਦਿਆਰਥੀਆਂ ਤੋਂ ਆਨਲਾਈਨ ਅਰਜੀਆਂ ਪ੍ਰਾਪਤ ਕਰਨ ਲਈ ਭਲਾਈ ਵਿਭਾਗ ਵੱਲੋਂ ਵੈਬਸਾਇਟ www.scholarships.punjab.gov.in ਤੇ ਡਾ: ਅੰਬੇਦਕਰ ਸਕਾਲਰਸ਼ਿਪ ਪੋਰਟਲ ਮਿਤੀ 26-11-2020 ਤੋਂ ਚਾਲੂ ਹੋਵੇਗਾ, ਜਿਸ ਅਨੁਸਾਰ ਸ਼ਡਿਊਲ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ACTIVITY SCHEDULE 2020-21 | | |
|---|---|---|
| 1 | Opening of Portal | 26 November 2020 |
| 1 | The last date for submission of online applications by the students (Fresh & Renewel to the Institutes. | 04 January 2021 |
| 2 | The last date for Institute to forward complete cases after corrections to the approving authority/sanctioning authorities | 22 January 2021 |
| 3 | The last date for the approving authority to send online proposals to line departments/ sanctioning departments for scholarship | 22 February 2021 |
| 4 | The last date for line departments / sanctioning departments to send online proposals to welfare Department for Scholarship | 15 March 2021 |
| 5 | PORTAL WILL BE CLOSED ON 15 March 2021 AT 10.00PM | |

**ਨਵੀਂ ਵਿਧੀ:**

- ਵਿਦਿਆਰਥੀਆਂ ਵੱਲੋਂ ਅਪਲਾਈ ਕਰਨ ਤੋਂ ਪਹਿਲਾਂ ਪੋਰਟਲ ਤੇ ਰਜਿਸਟਰ ਕਰਨ ਲਈ ਉਸ ਦਾ ਆਧਾਰ ਨੰਬਰ ਹੋਣ ਜਰੂਰੀ ਹੈ। ਗਲਤ ਆਧਾਰ ਨੰਬਰ ਤੇ ਵਿਦਿਆਰਥੀਆਂ ਪੋਰਟਲ ਤੇ ਰਜਿਸਟਰ ਨਹੀਂ ਕਰ ਸਕਦਾ। ਵਿਦਿਆਰਥੀ ਇੱਕ ਤੋਂ ਵੱਧ ਸੰਸਥਾਵਾਂ ਵਿੱਚ ਰਜਿਸਟਰ/ਅਪਲਾਈ ਨਹੀਂ ਕਰ ਸਕਦਾ।

**ਦਸਤਾਵੇਜ਼:**

- ਵਿਦਿਆਰਥੀ ਵੱਲੋਂ ਆਨ ਲਾਈਨ ਅਪਲਾਈ ਕਰਦੇ ਸਮੇਂ ਹਸਤਾਖਰਸ਼ੁਦਾ ਨਿਰਧਾਰਤ ਅੰਡਰਟੇਕਿੰਗ ਸਮੇਤ ਫੋਟੋ, ਜਾਤੀ ਸਰਟੀਫਿਕੇਟ, ਤਹਿਸੀਲਦਾਰ ਵੱਲੋਂ ਜਾਰੀ ਆਮਦਨ ਸਰਟੀਫਿਕੇਟ ਅਪੱਲੋਡ ਕੀਤੇ ਜਾਣਗੇ।
- Income declaration of self employed parents/guardian should be in the form of a certificate issued by Revenue Officer not below the rank ot Tehsildar, Employed parents/guardians are required to obtain income certificate from their employer. Employed parents/guardians should obtain consolidated certificate from Revenue Officer for any other additional source of Income.
- ਵਿਦਿਅਕ ਸੰਸਥਾ ਵੱਲੋਂ ਅਰਜੀਆਂ ਫਾਰਵਰਡ ਕਰਦੇ ਸਮੇਂ ਹਸਤਾਖਰ-ਸ਼ੁਦਾ ਨਿਰਧਾਰਤ ਅੰਡਰਟੇਕਿੰਗ ਵੀ ਅਪੱਲੋਡ ਕੀਤੀ ਜਾਵੇਗੀ।

**ਸੈਂਕਸ਼ਨਿੰਗ ਅਥਾਰਿਟੀ:**

- +1,+2 ਡਾਇਟ, ਆਈ.ਟੀ.ਆਈਜ਼, ਨਰਸਿੰਗ, ਪੈਰਾ ਮੈਡੀਕਲ (ਸਰਕਾਰੀ/ਪ੍ਰਾਈਵੇਟ) ਲਈ ਜ਼ਿਲ੍ਹਾ ਸਿੱਖਿਆ ਅਫਸਰ (ਸ), ਸਬੰਧਤ ਸੰਸਥਾ (ਸਰਕਾਰੀ/ਪ੍ਰਾਈਵੇਟ) ਦਾ ਮੁੱਖੀ ਅਤੇ ਤਹਿਸੀਲ ਭਲਾਈ ਅਫਸਰ ਤੇ ਆਧਾਰਤ ਸੈਂਕਸ਼ਨਿੰਗ ਅਥਾਰਿਟੀ ਗਠਿਤ ਕੀਤੀ ਗਈ ਹੈ।
- ਡਿਗਰੀ ਕਾਲਜਾਂ, ਨਾਨ-ਟੈਕਨੀਕਲ, ਟੈਕਨੀਕਲ, ਪੋਲੀਟੈਕਨਿਕ, ਮੈਡੀਕਲ, ਮੈਨੇਜਮੈਂਟ ਅਤੇ ਯੂਨੀਵਰਸਿਟੀਆਂ (ਸਰਕਾਰੀ/ਪ੍ਰਾਈਵੇਟ ) ਲਈ ਸਬੰਧਤ ਉਪ ਮੰਡਲ ਮੈਜਿਸਟ੍ਰੇਟ, ਸਬੰਧਤ ਸੰਸਥਾ ( ਸਰਕਾਰੀ/ਪ੍ਰਾਈਵੇਟ ) ਦਾ ਮੁੱਖੀ/ਯੂਨੀਵਰਸਿਟੀ ਦਾ ਨੁਮਾਇੰਦਾ ਅਤੇ ਤਹਿਸੀਲ ਭਲਾਈ ਅਫਸਰ ਤੇ ਅਧਾਰਤ ਸੈਂਕਸ਼ਨ ਅਥਾਰਟੀ ਗਠਿਤ ਕੀਤੀ ਗਈ ਹੈ।

**ਸੰਪਰਕ:**

- ਜੇਕਰ ਕਿਸੇ ਵਿਦਿਆਰਥੀ ਨੂੰ ਆਨਲਾਈਨ ਅਪਲਾਈ ਕਰਨ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਵਿਦਿਆਰਥੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਖੋਜ ਅਤੇ ਮੈਡੀਕਲ ਸਿੱਖਿਆ ਅਤੇ ਪਸ਼ੂ ਪਾਲਣ ਵਿਭਾਗ ਦੇ ਨੋਡਲ ਅਫਸਰ, ਜਿਨ੍ਹਾਂ ਦੀ ਪੋਰਟਲ ਦੀ ਹੈਲਪ ਡੈਸਕ ਤੇ ਕੰਟੈਕਟ ਨੰਬਰ ਡਿਸਪਲੇਅ ਹਨ, ਨਾਲ ਸੰਪਰਕ ਕਰ ਸਕਦੇ ਹਨ।

ਡਾਇਰੈਕਟਰ
ਸਮਾਜਿਕ ਨਿਆਂ, ਅਧਿਕਰਤਾ ਅਤੇ ਘੱਟ
ਗਿਣਤੀ ਵਿਭਾਗ, ਪੰਜਾਬ, ਚੰਡੀਗੜ੍ਹ।
(ਫੋਨ: 0172-2273272)